## Connecting to nature, culture and your community

### Family resources



# ਕੁਦਰਤ, ਸਭਿਆਚਾਰ ਅਤੇ ਆਪਣੇ ਭਾਈਚਾਰੇ ਨਾਲ ਜੁੜਨਾ

### ਪਰਿਵਾਰਕ ਸਰੋਤ

ਸਿਖਿਆ ਦੇ ਮੁਢਲੇ ਸਾਲਾਂ ਦਾ ਸਿਖਿਆ ਢਾਂਚਾ (Early Years Learning Framework) ਇੱਕ ਰਾਸ਼ਟਰੀ ਢਾਂਚਾ ਹੈ ਜੋ ਮੁਢਲੇ ਸਕੂਲਾਂ (ਪ੍ਰੀਸਕੂਲਜ਼) ਅਤੇ ਬਚਪਨ ਦੀਆਂ ਸਾਰੀਆਂ ਸੇਵਾਵਾਂ ਵਿੱਚ ਵਰਤਿਆ ਜਾਂਦਾ ਹੈ। ਇਹ ਸਿਖਲਾਈ ਦੇ ਪੰਜ ਨਤੀਜਿਆਂ ਨਾਲ ਮਾਰਗ ਦਰਸ਼ਨ ਕਰਾਉਂਦਾ ਹੈ ਜੋ ਬੱਚਿਆਂ ਨੂੰ ਮਜਬੂਤ ਅਤੇ ਸਮਰੱਥ  ਸਿਖਣ ਵਾਲੇ ਬਣਨ ਵਿੱਚ ਸਹਾਇਤਾ ਕਰਦੇ ਹਨ।

ਸਿਖਣ ਦਾ ਦੂਜਾ (2) ਨਤੀਜਾ ਬੱਚਿਆਂ ਨੂੰ ਉਨ੍ਹਾਂ ਦੇ ਭਾਈਚਾਰੇ ਅਤੇ ਉਨ੍ਹਾਂ ਦੀ ਦੁਨੀਆਂ ਜਿਸ ਵਿੱਚ ਉਹ ਰਹਿੰਦੇ ਹਨ ਨਾਲ ਜੁੜੇ ਹੋਣ ਬਾਰੇ ਹੈ। ਬੱਚੇ ਦੂਜਿਆਂ ਨਾਲ ਸਬੰਧ ਰੱਖਣ ਅਤੇ ਕੰਮ ਕਰਨ ਬਾਰੇ ਸਿਖਦੇ ਹਨ ਅਤੇ ਆਪਣੀਆਂ ਕ੍ਰਿਆਵਾਂ ਦੇ ਪ੍ਰਭਾਵਾਂ ਨੂੰ ਸਮਝਣਾ ਸ਼ੁਰੂ ਕਰਦੇ ਹਨ।

ਸਖਿਆ ਦੇ ਮੁਢਲੇ ਸਾਲਾਂ ਦਾ ਸਖਿਆ ਢਾਂਚਾ (Early Years Learning Framework) ਬਾਰੇ ਵਧੇਰੇ ਜਾਣਕਾਰੀ ਲਈ ਇਥੇ ਜਾਓ: https://www.dese.gov.au/collections/translations-belonging-being-and-becoming-early-years-learning-framework-australia

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇ ਤੁਹਾਨੂੰ ਵਧੇਰੇ ਜਾਣਕਾਰੀ ਦੀ ਲੋੜ ਹੈ ਤਾਂ ਕਿਰਪਾ ਕਰਕੇ ਤੁਹਾਡੇ ਬੱਚੇ ਦੇ ਪ੍ਰੀ ਸਕੂਲ ਜਾਂ ਮੁਢਲੀ ਬਚਪਨ ਸੇਵਾਨਾਲ ਸੰਪਰਕ ਕਰੋ। ਜੇ ਤੁਹਾਨੂੰ ਆਪਣੀ ਪੁੱਛਗਿੱਛ ਵਿੱਚ ਸਹਾਇਤਾ ਕਰਨ ਲਈ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਇੰਟਰਪ੍ਰੈਟਰ ਸੇਵਾ ਨੂੰ ਫੋਨ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਅਪਰੇਟਰ ਤੁਹਾਡੇ ਵਲੋਂ ਦਿੱਤੇ ਗਏ ਨੰਬਰ ਤੇ ਫੋਨ ਕਰਕੇ ਤੁਹਾਡੀ ਪੁੱਛਗਿੱਛ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਦੁਭਾਸ਼ੀਏ ਨੂੰਲਾਈਨ 'ਤੇ ਲਿਆਏਗਾ। ਤੁਹਾਨੂੰ ਇਸ ਸੇਵਾ ਲਈ ਕੋਈ ਭੁਗਤਾਨ ਨਹੀਂ ਕਰਨੀ ਪਵੇਗੀ।

## ਸਕੂਲ ਵਿੱਚ ਸਿਖਿਆ ਲੈਣੀ

ਵਿਦਿਆਰਥੀ ਆਪਣੇ ਸਭਿਆਚਾਰ ਨੂੰ ਦੂਜਿਆਂ ਨਾਲ ਸਾਂਝਾ ਕਰ ਸਕਦੇ ਹਨ ਅਤੇ ਉਨ੍ਹਾਂ ਦੇ ਸਭਿਆਚਾਰਾਂ ਬਾਰੇ ਸਿੱਖ ਸਕਦੇ ਹਨ (ਵਿਸ਼ਾ: ਜੁਗਰਾਫੀਆ)

ਵਿਦਿਆਰਥੀ ਸਤਿਕਾਰ ਯੋਗ ਹੁੰਦੇ ਹਨ, ਦੂਜਿਆਂ ਨਾਲ ਕੰਮ ਕਰ ਸਕਦੇ ਹਨ ਅਤੇ ਲੋਕਾਂ ਨਾਲ ਚੰਗਾ ਵਿਵਹਾਰ ਕਰ ਸਕਦੇ ਹਨ (ਵਿਸ਼ਾ: ਸਰੀਰਕ ਸਿਖਿਆ)

ਵਿਦਿਆਰਥੀ ਆਪਣੀ ਰਚਨਾਤਮਕਤਾ ਦੀ ਵਰਤੋਂ ਆਪਣੀ ਬਰਾਦਰੀ ਅਤੇ ਸਭਿਆਚਾਰ ਨਾਲ ਜੁੜਨ ਲਈ ਕਰਦੇ ਹਨ (ਵਿਸ਼ਾ: ਸਿਰਜਣਾਤਮਕ ਕਲਾ)

ਵਿਦਿਆਰਥੀ ਸਮਝਣ ਅਤੇ ਝੱਲਣ ਯੋਗ ਚੋਣਾਂ ਕਰ ਸਕਦੇ ਹਨ (ਸਾਰੇ ਵਿਸ਼ੇ ਖੇਤਰ)

## ਮੁਢਲੀ ਸਿਖਿਆ

### ਜੁੜਨ ਅਤੇ ਯੋਗਦਾਨ ਪਾਉਣ ਦਾ ਅਰਥ ਹੁੰਦਾ ਹੈ:

ਬੱਚੇ ਜਾਣਦੇ ਹਨ ਕਿ ਉਹ ਸਬੰਧਤ ਹਨ ਅਤੇ ਉਹ ਆਦਰ ਨਾਲ ਹਿੱਸਾ ਲੈ ਸਕਦੇ ਹਨ

ਬੱਚੇ ਜਾਣਦੇ ਹਨ ਕਿ ਦੂਜਿਆਂ ਨਾਲ ਨਿਆਂ ਨਾਲ ਵਰਤਾਓ ਕਰਨਾ ਕੀ ਹੁੰਦਾ ਹੈ

ਬੱਚੇ ਸਮਝਦੇ ਹਨ ਕਿ ਹਰ ਕੋਈ ਵੱਖਰਾ ਹੁੰਦਾ ਹੈ ਪਰ ਵਿਸ਼ਵ ਨੂੰ ਵਧੀਆ ਜਗ੍ਹਾ ਬਣਾਉਣ ਲਈ ਮਿਲ ਕੇ ਕੰਮ ਕਰ ਸਕਦੇ ਹਨ

ਬੱਚੇ ਜਾਣਦੇ ਹਨ ਕਿ ਉਨ੍ਹਾਂ ਨੇ ਵਾਤਾਵਰਣ ਦੀ ਸੰਭਾਲ ਕਿਵੇਂ ਕਰਨੀ ਹੈ